426-B Industrial Focal Point, Amritsar, 143021, Panjab
Tel: 0091 (0)9815673242

PO Box 7180, Birmingham, B20 3TE, United Kingdom.
Tel: 0044 (0)870 1993328

28 Vesey Street, #2133, New York, NY 10007
Tel: 1-646 338 5996

www.unitedsikhs.org
contact@unitedsikhs.org

United Sikhs

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

ਸੇਵਾ ਵਿਖੇ,

ਸਮੂਹ ਫਰਾਂਸ ਵਾਸੀ,
ਰਾਸ਼ਟਰਪਤੀ ਫਰਾਂਸ,
ਪਾਰਲੀਮੈਂਟ ਮੈਂਬਰ ਸਾਹਿਬਾਨ।

ਕਾਪੀ:

ਯੂਰਪੀਅਨ ਪਾਰਲੀਮੈਂਟ ਦੇ ਮੈਂਬਰ,
ਸੰਯੁਕਤ ਰਾਸ਼ਟਰ,
ਸਮੂਹ ਸੰਸਾਰ ਦੀਆਂ ਧਾਰਮਕ ਸੰਪਰਦਾਵਾਂ ਅਤੇ ਨਸਲਾਂ-ਜਾਤੀਆਂ ਦੇ ਆਗੂ।

ਅਸੀਂ ਨਿਮਨ ਹਸਤਾਖਸ਼ਰੀ, ਆਪ ਸਭ ਉਪਰ ਲਿਖਿਆਂ ਨੂੰ ਬੇਨਤੀ ਕਰਦੇ ਹਾਂ ਕਿ ਨਿੱਜੀ ਵਿਸ਼ਵਾਸਾਂ ਅਤੇ ਧਾਰਮਿਕ ਅਜ਼ਾਦੀ, ਵਿਦਿਅਕ ਅਤੇ ਨਸਲੀ ਪਹਿਚਾਣ ਦੇ ਹੱਕਾਂ ਵਰਗੇ ਮੁਢਲੇ ਮਨੁੱਖੀ ਅਧਿਕਾਰਾਂ ਦੀ ਹਮਾਇਤ ਕਰਦਿਆਂ ਹੋਇਆਂ ਐਸੇ ਕਿਸੇ ਕਾਨੂੰਨ ਦੀ ਪ੍ਰੋੜਤਾ ਨਾ ਕਰਨੀ, ਜਿਸ ਨਾਲ ਕਿ ਸਰਕਾਰੀ ਸਕੂਲਾਂ, ਯੂਨੀਵਰਸਿਟੀਆਂ ਅਤੇ ਕੰਮਾਂ ਵਿੱਚ ਧਾਰਮਿਕ  ਅਤੇ ਨਸਲੀ ਪਹਿਚਾਣ ਦੇ ਚਿੰਨ੍ਹ ਪਹਿਨਣ ਤੇ ਪਾਬੰਦੀ ਲਗਾਈ ਜਾ ਰਹੀ ਹੋਵੇ।

ਸਾਨੂੰ ਫਰਾਂਸ ਦੇ ਰਾਸ਼ਟਰਪਤੀ ਜੈਕਸ ਸ਼ਿਰਾਕ ਦੇ ਉਸ ਫੈਸਲੇ ਤੇ ਬਹੁਤ ਅਫਸੋਸ ਹੈ ਜਿਸ ਵਿਚ ਉਨ੍ਹਾਂ ਨੇ ਸਰਕਾਰੀ ਸਕੂਲਾਂ ਅਤੇ ਕੰਮ ਅਦਾਰਿਆਂ ਦੇ ਮੁਲਾਜ਼ਮਾਂ ਦੇ ਨਿਜੀ ਵਿਸ਼ਵਾਸ, ਧਰਮ ਅਤੇ ਨਸਲੀ ਪਹਿਚਾਣ ਦੇ ਚਿਨ੍ਹਾਂ ਤੇ ਪਾਬੰਦੀ ਲਗਾਉਣ ਲਈ ਨਵੇਂ ਕਾਨੂੰਨ ਬਨਾਉਣ ਦੀ ਸਿਫਾਰਸ਼ ਕੀਤੀ ਹੈ।

ਇਹ ਵਿਤਕਰੇ ਭਰਿਆ ਕਾਨੂੰਨ ਲਾਗੂ ਹੋਣ ਤੇ ਸਰਕਾਰੀ ਮੁਲਾਜ਼ਮ ਅਤੇ ਸਕੂਲਾਂ ਦੇ ਵਿਦਿਆਰਥੀ ਅਪਣੇ ਧਾਰਮਿਕ ਚਿੰਨ੍ਹ ਜਿਵੇਂ ਕਿ ਸਿਖਾਂ ਦੀ ਨਿਆਰੀ ਦਸਤਾਰ, ਮੁਸਲਮਾਨਾ ਅਤੇ ਯਹੂਦੀਆਂ ਦੇ ਸਿਰ ਦੇ ਲਿਬਾਸ ਅਤੇ ਇਸਾਈਆਂ ਦਾ ਧਾਰਮਿਕ ਚਿਨ੍ਹ, ਵਡਾ ਕਰਾਸ, ਨਹੀਂ ਪਹਿਨ ਸਕਣਗੇ।

ਸਮੂਹ ਸੰਸਾਰਕ ਭਾਈਚਾਰਾ, ਰਾਸ਼ਟਰਪਤੀ ਸ਼ਿਰਾਕ ਨੂੰ ਅਪਣੇ ਇਸ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਪੁਰਜ਼ੋਰ ਅਪੀਲ ਕਰਦਾ ਹੈ, ਕਿਉਕਿ ਇਹ ਕਾਨੂੰਨ ਮੁਢਲੇ ਮਨੁੱਖੀ ਅਧਿਕਾਰਾਂ ਜਿਵੇਂ ਕਿ ਧਾਰਮਿਕ ਅਜ਼ਾਦੀ, ਨਸਲੀ ਪਹਿਚਾਣ ਅਤੇ ਵਿਦਿਆ ਹਾਸਲ ਕਰਨ ਦੇ ਹੱਕਾਂ ਦੀ ਉਲੰਘਣਾ ਕਰਦਾ ਹੈ।

ਇਥੇ ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਫਰਾਂਸ ਵਿਚ ਸਿੱਖ ਭਾਈਚਾਰੇ ਤੇ ਕੀ ਅਸਰ ਪਵੇਗਾ: ਇੱਕ ਸਿੱਖ ਵਾਸਤੇ ਦਸਤਾਰ ਬੰਨ੍ਹਣਾ ਮਰਜ਼ੀ ਦਾ ਸਵਾਲ ਨਹੀਂ, ਬਲਕਿ ਲਾਜ਼ਮੀ ਹੈ। ਇਹ ਕਾਨੂੰਨ ਫਰਾਂਸ ਵਿਚ ਵਸਦੇ ਤਕਰੀਬਨ ੭੦੦੦ ਸਿੱਖਾਂ ਨੂੰ ਸਿੱਖ ਧਰਮ ਦੀ ਪਾਲਨਾਂ ਕਰਨ ਦੇ ਮੁੱਢਲੇ ਅਧਿਕਾਰ ਤੋਂ ਵਾਂਝਿਆਂ ਕਰ ਦੇਵੇਗਾ।




ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਸਿਖਾਂ ਨੇ ਫਰਾਂਸ ਦੀ ਸੁਤੰਤਰਤਾ, ਆਪਸੀ ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਅਸੂਲਾਂ ਦੀ ਬੜੀ ਬਹਾਦਰੀ ਨਾਲ ਰੱਖਿਆ ਕੀਤੀ। ਪਹਿਲੇ ਵਿਸ਼ਵ ਯੁੱਧ ਵਿਚ ਦਸਤਾਰਧਾਰੀ ਸਿੱਖ ਫੌਜੀਆਂ ਨੇ ੧੩ ਕਵੈਲਰੀ ਅਤੇ ੯ ਇਨਫੈਂਟਰੀ ਰੈਜਮੈਂਟ ਵਿਚ ਸੇਵਾ ਕੀਤੀ। ਇਸੇ ਯੁੱਧ ਦੌਰਾਨ ਸਿੱਖ ਫੌਜੀ ਜਿਨ੍ਹਾਂ ਲੜਾਈਆਂ ਵਿਚ ਬਹਾਦਰੀ ਨਾਲ ਲੜੇ ਉਹ ਸਨ: ਯੇਪਰਸ, ਲਾ ਬੈਸ, ਨਿਉਵੇ, ਚੈਪਲ, ਫਿਸਟਬਰਟ, ਲੂਸ, ਗਿਵਨਚੀ ਤੇ ਸੋਮ। ਉਹਨਾਂ ਦੀ ਬਹਾਦਰੀ ਅਤੇ ਕਾਰਨਾਮਿਆਂ ਨੂੰ ਸੰਸਾਰ ਭਰ ਵਿਚ ਸਰਾਹਿਆ ਗਿਆ ਹੈ।

ਗੁਰਦਿਆਲ ਸਿੰਘ, ਜੋ ਕਿ ਫਰਾਂਸੀਸੀ ਸਿੱਖ ਭਾਈਚਾਰੇ ਦੇ ਉੱਘੇ ਆਗੂ ਹਨ, ਅਤੇ ਫਰਾਂਸ ਵਿਚ ੨੩ ਸਾਲਾਂ ਤੋਂ ਰਹਿ ਰਹੇ ਹਨ, ਨੇ ਬੜੇ ਦੁਖੀ ਹਿਰਦੇ ਨਾਲ ਦੱਸਿਆ ਕਿ ਸਟੇਸੀ ਕਮਿਸ਼ਨ, ਜਿਸ ਨੇ ਇਸ ਪਾਬੰਦੀ ਨੂੰ ਲਾਗੂ ਕਰਨ ਦੀ ਸਿਫਾਰਿਸ਼ ਕੀਤੀ ਹੈ, ਨੇ ਸਿੱਖ ਭਾਈਚਾਰੇ ਦੇ ੭੦੦੦ ਮੈਂਬਰਾਂ ਨੂੰ ਛੱਡ ਬਾਕੀ ਸਾਰੇ ਭਾਈਚਾਰਿਆਂ ਨਾਲ ਸਲਾਹ ਮਸ਼ਵਰਾ ਕੀਤਾ।

ਉਹਨਾਂ ਨੇ ਅੱਗੇ ਕਿਹਾ, "ਫਰਾਂਸ ਦੇ ੭੦੦੦ ਸਿੱਖ ਕਾਨੂੰਨ ਦੀ ਪਾਲਨਾਂ ਕਰਨ ਵਾਲੇ ਨਾਗਰਿਕ ਹਨ ਅਤੇ ਸਾਡੇ ਬੱਚੇ ਦੂਜੀ ਪੀੜ੍ਹੀ ਦੇ ਗੌਰਵਮਈ ਫਰਾਂਸੀਸੀ ਹਨ"।

ਉਸ ਨੇ ਕਿਹਾ,"ਸਿੱਖ ਦਸਤਾਰ ਟੋਪੀ ਨਹੀਂ ਹੈ, ਜਿਸ ਨੂੰ ਸਕੂਲ ਜਾਂ ਕੰਮ ਤੇ ਉਤਾਰਿਆ ਜਾ ਸਕੇ। ਇਕ ਸਿੱਖ ਨੂੰ ਦਸਤਾਰ ਉਤਾਰਨ ਲਈ ਕਹਿਣਾਂ ਉਸਦੀ ਬੇਇਜ਼ਤੀ ਕਰਨ ਦੇ ਸਮਾਨ ਹੈ"।

ਉਨ੍ਹਾਂ ਨੇ ਇਹ ਵੀ ਕਿਹਾ ਕਿ ਇਥੇ ਸਾਡੇ ਬੱਚਿਆਂ ਦੀ ਵਿਦਿਆ ਖਤਰੇ ਵਿਚ ਹੈ ਕਿਉਂਕਿ ਅਸੀਂ ਇਸ ਮਸਲੇ ਤੇ ਸਮਝੌਤਾ ਨਹੀਂ ਕਰ ਸਕਦੇ। ਸਾਡੇ ਬੱਚੇ ਬਿਨਾਂ ਕੱਟੇ, ਲੰਬੇ ਕੇਸ ਰੱਖਦੇ ਹਨ ਜਿਨ੍ਹਾਂ ਨੂੰ ਦਸਤਾਰ ਨਾਲ ਢੱਕਣਾਂ ਜ਼ਰੂਰੀ ਹੈ।

ਉਸ ਨੇ ਕਿਹਾ ਕਿ ਭਾਵੇਂ ਪਿਛਲੇ ਸਾਲਾਂ ਵਿਚ ਕੁਝ ਸਕੂਲਾਂ ਨੇ ਦਸਤਾਰ ਬੰਨ੍ਹਣ ਤੇ ਇਤਰਾਜ਼ ਕੀਤਾ ਸੀ, ਸਿੱਖ ਭਾਈਚਾਰੇ ਦੇ ਆਗੂਆਂ ਨੇ ਹਮੇਸ਼ਾਂ ਸਕੂਲ ਦੇ ਅਧਿਕਾਰੀਆਂ ਨੂੰ ਦਸਤਾਰ ਬੰਨ੍ਹਣ ਦੀ ਆਗਿਆ ਦੇਣ ਵਾਸਤੇ ਮਨਾ ਲਿਆ।

ਉਨ੍ਹਾਂ ਕਿਹਾ,"ਪਰ, ਪਾਬੰਦੀ ਲੱਗਣ ਤੋਂ ਬਾਦ ਸਕੂਲ ਅਧਿਕਾਰੀਆਂ ਕੋਲ ਇਸ ਮਸਲੇ ਵਿਚ ਅਪਣੇ ਤੌਰ ਤੇ ਕੋਈ ਫੈਸਲਾ ਲੈਣ ਦਾ ਇਖਤਿਆਰ ਨਹੀਂ ਰਹਿ ਜਾਏਗਾ"।

ਗੁਰਦਿਆਲ ਸਿੰਘ ਦੇ ੧੯ ਸਾਲਾ ਸਪੁੱਤਰ, ਕਰਮਵੀਰ ਸਿੰਘ ਨੂੰ ਇਸ ਸਾਲ ਅਕਤੂਬਰ ਵਿਚ ਫਰਾਂਸ ਦੀਆਂ ਪੰਜ ਯੂਨੀਵਰਸਿਟੀਆਂ ਨੇ ਦਾਖਲਾ ਦੇਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਹੈ ਕਿਉਂ ਕਿ ਉਹ ਪੱਗ ਬੰਨ੍ਹਦਾ ਹੈ। ਕਰਮਵੀਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਅਧਿਕਾਰੀਆਂ ਨੇ ਉਸ ਨੂੰ ਕਿਹਾ ਕਿ ਜੇ ਉਹ ਆਪਣੀ ਪੱਗ ਉਤਾਰ ਦੇਵੇ ਤਾਂ ਉਸ ਨੂੰ ਦਾਖਲਾ ਦਿੱਤਾ ਜਾ ਸਕਦਾ ਹੈ।

ਕਰਮਵੀਰ ਸਿੰਘ ਨੇ ਪਿਛਲੇ ਸਾਲਾਂ ਵਿਚ ਕਈ ਸਿੱਖ ਬੱਚਿਆਂ ਦੀ ਸਕੂਲਾਂ ਵਿਚ ਦਾਖਲਾ ਲੈਣ ਲਈ ਸਫਲਤਾ ਪੂਰਵਕ ਸਹਾਇਤਾ ਕੀਤੀ ਜਿਨ੍ਹਾਂ ਦੀਆਂ ਦਸਤਾਰਾਂ ਤੇ ਸ਼ੁਰੂ ਵਿਚ ਇਤਰਾਜ਼ ਕੀਤਾ ਗਿਆ ਸੀ।

ਉਸਨੇ ਕਿਹਾ, "ਪਰ ਹੁਣ ਮੇਰੀਆਂ ਵਿਦਿਅਕ ਯੋਜਨਾਵਾਂ ਨੂੰ ਬੜਾ ਗੰਭੀਰ ਧੱਕਾ ਲੱਗਾ ਹੈ ਕਿਉਂ ਕਿ ਇਥੋਂ ਦੀਆਂ ਯੂਨੀਵਰਸਿਟੀਆਂ ਨੇ ਸਰਕਾਰੀ ਨੀਤੀਆਂ ਦੀ ਪੂਰਵ ਧਾਰਨਾ ਤਹਿਤ ਵਿੱਦਿਅਕ ਸੰਸਥਾਵਾਂ ਵਿਚ ਧਾਰਮਿਕ ਚਿੰਨ੍ਹਾਂ ਨੂੰ ਪਹਿਨਣ ਤੇ ਪਾਬੰਦੀ ਲਗਾਉਣ ਦਾ ਕਦਮ ਚੁੱਕ ਲਿਆ ਹੈ"।

ਉਸਨੇ ਅੱਗੇ ਕਿਹਾ, " ਮੈਂ ਵਪਾਰਿਕ ਅਧਿਅਨ ਦੀ ਡਿਗਰੀ ਕਰਨ ਮਗਰੋਂ ਕੰਪਿਊਟਰ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਵਾਸਤੇ ਯੋਜਨਾ ਬਣਾ ਰਿਹਾ ਸੀ"।

ਕਰਮਵੀਰ ਸਿੰਘ ਦੇ ਹੋਰ ਸਕੂਲ ਜਾਂਦੇ ਭਰਾਵਾਂ ਨੂੰ ਉਹਨਾਂ ਦੇ ਸਕੂਲਾਂ ਨੇ ਕਹਿ ਦਿੱਤਾ ਹੈ ਕਿ ਉਹਨਾਂ ਨੂੰ ਸਕੂਲ ਛੱਡਕੇ ਜਾਣਾਂ ਪਵੇਗਾ।

ਉਸਨੇ ਕਿਹਾ, " ਸਾਨੂੰ ਪਤਾ ਨਹੀਂ ਕੀ ਹੋਵੇਗਾ। ਵਿਦਿਆ ਜ਼ਰੂਰੀ ਹੈ"।

ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਕਿਸੇ ਵੀ ਵਿਸ਼ਵਾਸ, ਧਰਮ, ਜਾਂ ਨਸਲੀ ਪਹਿਚਾਣ ਦਾ ਪ੍ਰਗਟਾਵਾ ਕਰਨ ਵਾਲੇ ਨੇ, ਫਰਾਂਸ ਦੀਆਂ ਅਜ਼ਾਦੀ, ਆਪਸੀ ਬਰਾਬਰੀ ਅਤੇ ਭਾਈਚਾਰੇ ਦੀਆਂ ਮੂਲ ਕਦਰਾਂ ਕੀਮਤਾਂ ਨੂੰ ਕੋਈ ਠੇਸ ਪਹੁੰਚਾਈ ਹੋਵੇ। ਫਰਾਂਸ ਰਾਸ਼ਟਰ, ਸਾਰੀਆਂ ਧਾਰਮਿਕ ਸੰਪਰਦਾਵਾਂ ਤੇ ਨਸਲੀ ਗਰੁੱਪਾਂ ਦੇ ਹੱਕਾਂ ਦੇ ਰੱਖਵਾਲੇ ਵਜੋਂ ਜਾਣਿਆਂ ਜਾਂਦਾ ਹੈ। ਇਸਦੀ ਧਾਰਮਿਕ ਨਿਰਪੱਖਤਾ ਦੀ ਤਾਕਤ, ਜਿਹੜੀ ਲੋਕਾਂ ਦੀ ਰੱਖਿਆ ਕਰਦੀ ਹੈ, ਉਹਨਾਂ ਹੀ ਲੋਕਾਂ ਵਾਸਤੇ ਨੁਕਸਾਨਦੇਹ ਨਹੀਂ ਹੋਣੀ ਚਾਹੀਦੀ।

ਧਾਰਮਿਕ ਨਿਰਪੱਖਤਾ ਦੀ ਆੜ ਵਿਚ ਫਰਾਂਸ ਦੀ ਸੱਭਿਆਚਾਰਕ ਭਿੰਨਤਾ ਤੇ ਵੱਖ-ਵੱਖ ਧਾਰਮਿਕ ਸੰਪਰਦਾਵਾਂ ਤੇ ਨਸਲੀ ਗਰੁੱਪਾਂ ਵਿਚਾਲੇ ਤਾਲਮੇਲ ਖਤਰੇ ਵਿਚ ਪੈ ਜਾਵੇਗਾ। ਸਾਨੂੰ ਡਰ ਹੈ ਕਿ ਨਵਾਂ ਕਾਨੂੰਨ ਦੂਸਰੇ ਸੰਸਾਰ ਯੁੱਧ ਤੋਂ

ਪਹਿਲਾਂ ਵਰਗੇ ਵੱਖ-ਵੱਖ ਧਾਰਮਿਕ ਸੰਪਰਦਾਵਾਂ ਤੇ ਨਸਲੀ ਗਰੁੱਪਾਂ ਵਿਚਾਲੇ ਤਾਲਮੇਲ ਦੀ ਘਾਟ ਵਾਲੇ ਮਾੜੇ ਦਿਨਾਂ ਵੱਲ ਵਾਪਿਸ ਲੈ ਜਾਏਗਾ।

426-B Industrial Focal Point, Amritsar, 143021, Panjab
Tel: 0091 (0)9815673242

PO Box 7180, Birmingham, B20 3TE, United Kingdom.
Tel: 0044 (0)870 1993328

28 [illegible] Street, #2133, New York, NY 10007
Tel: 1-646 338 5996

www.unitedsikhs.org
contact@unitedsikhs.org

United Sikhs

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

# dsqwr dw AiDkwr

ਨਿੱਜੀ ਵਿਸ਼ਵਾਸ, ਧਾਰਮਿਕ ਪ੍ਰਗਠਾਵੇ, ਨਸਲੀ ਪਹਿਚਾਣ ਦੀ ਆਜ਼ਾਦੀ ਅਤੇ ਵਿਦਿਅਕ ਅਧਿਕਾਰ

ਇਸ ਅਰਜ਼ੀ ਦੇ ਆਯੋਜਕ, ਯੁਨਾਇਟਿਡ ਸਿੱਖਸ, ਇੱਕ ਗੈਰ-ਮੁਨਾਫਾਖੋਰ, ਗੈਰ-ਸਰਕਾਰੀ ਮਨੁੱਖੀ ਵਿਕਾਸ ਸੰਸਥਾ ਹੈ, ਜੋ ਕਿ ਸੰਸਾਰ ਦੇ ਢਾਈ ਕਰੋੜ ਸਿੱਖਾਂ ਅਤੇ ਗੈਰ-ਵਿਸ਼ੇਸ਼ਾਧਿਕ੍ਰਿਤ ਅਤੇ ਘੱਟ-ਗਿਣਤੀ ਜਮਾਤਾਂ ਤੇ ਵਿਅਕਤੀਆਂ ਦੀ ਬਿਹਤਰੀ ਵਾਸਤੇ ਕੰਮ ਕਰ ਰਹੀ ਹੈ।

੧ ਸਾਨੂੰ ਫਰਾਂਸ ਦੇ ਰਾਸ਼ਟਰਪਤੀ ਜੈਕਸ ਸ਼ਿਰਾਕ ਦੇ ਉਸ ਫੈਸਲੇ ਤੇ ਬਹੁਤ ਅਫਸੋਸ ਹੈ ਜਿਸ ਵਿਚ ਉਨ੍ਹਾਂ ਨੇ ਸਰਕਾਰੀ ਸਕੂਲਾਂ ਅਤੇ ਕੰਮ ਅਦਾਰਿਆਂ ਦੇ ਮੁਲਾਜ਼ਮਾਂ ਦੇ ਨਿਜੀ ਵਿਸ਼ਵਾਸ, ਧਰਮ ਅਤੇ ਨਸਲੀ ਪਹਿਚਾਣ ਦੇ ਚਿਨ੍ਹਾਂ ਤੇ ਪਾਬੰਦੀ ਲਗਾਉਣ ਲਈ ਨਵੇਂ ਕਾਨੂੰਨ ਬਨਾਉਣ ਦੀ ਸਿਫਾਰਸ਼ ਕੀਤੀ ਹੈ। ਇਹ ਵਿਤਕਰੇ ਭਰਿਆ ਕਾਨੂੰਨ ਲਾਗੂ ਹੋਣ ਤੇ ਸਰਕਾਰੀ ਮੁਲਾਜ਼ਮ ਅਤੇ ਸਕੂਲਾਂ ਦੇ ਵਿਦਿਆਰਥੀ ਅਪਣੇ ਧਾਰਮਿਕ ਚਿੰਨ੍ਹ ਜਿਵੇਂ ਕਿ ਸਿਖਾਂ ਦੀ ਨਿਆਰੀ ਦਸਤਾਰ, ਮੁਸਲਮਾਨਾ ਅਤੇ ਯਹੂਦੀਆਂ ਦੇ ਸਿਰ ਦੇ ਲਿਬਾਸ ਅਤੇ ਇਸਾਈਆਂ ਦਾ ਧਾਰਮਿਕ ਚਿਨ੍ਹ, ਵਡਾ ਕਰਾਸ ਨਹੀਂ ਪਹਿਨ ਸਕਣਗੇ।

੨ ਅਸੀਂ ਫਰਾਂਸ ਦੀ ਜਨਤਾ, ਫਰਾਂਸ ਦੇ ਰਾਸ਼ਟਰਪਤੀ, ਪਾਰਲੀਮੈਂਟ ਮੈਂਬਰਾਂ ਨੂੰ ਅਪੀਲ ਕਰਦੇ ਹਾਂ ਕਿ ਹ ਨਿੱਜੀ ਵਿਸ਼ਵਾਸਾਂ ਅਤੇ ਧਾਰਮਿਕ ਅਜ਼ਾਦੀ, ਵਿਦਿਅਕ ਅਤੇ ਨਸਲੀ ਪਹਿਚਾਣ ਦੇ ਹੱਕਾਂ ਵਰਗੇ ਮੁਢਲੇ ਮਨੁੱਖੀ ਅਧਿਕਾਰਾਂ ਦਾ ਪੱਖ ਲੈਂਦੇਆਂ ਹੋਇਆਂ ਐਸੇ ਕਿਸੇ ਕਾਨੂੰਨ ਦੀ ਹਿਮਾਇਤ ਨਾ ਕਰਨ, ਜਿਸ ਨਾਲ ਕਿ ਸਰਕਾਰੀ ਸਕੂਲਾਂ, ਯੂਨੀਵਰਸਿਟੀਆਂ ਅਤੇ ਕੰਮਾਂ ਵਿੱਚ ਧਾਰਮਿਕ ਅਤੇ ਨਸਲੀ ਪਹਿਚਾਣ ਦੇ ਚਿੰਨ੍ਹ ਪਹਿਨਣ ਤੇ ਪਾਬੰਦੀ ਲਗਾਈ ਜਾ ਰਹੀ ਹੋਵੇ।

੩ ਅਸੀਂ ਯੂਰਪ ਦੀ ਪਾਰਲੀਮੈਂਟ, ਸੰਯੁਕਤ ਰਾਸ਼ਟਰ ਅਤੇ ਸੰਸਾਰ ਦੇ ਸਾਰੇ ਧਰਮਾਂ ਤੇ ਨਸਲੀ ਗਰੁੱਪਾਂ ਦੇ ਆਗੂਆਂ ਨੂੰ ਅਪੀਲ ਕਰਦੇ ਹਾਂ ਕਿ ਹ ਫਰਾਂਸ ਦੇ ਰਾਸ਼ਟਰਪਤੀ ਅਤੇ ਫਰਾਂਸ ਦੇ ਪਾਰਲੀਮੈਂਟ ਮੈਂਬਰਾਂ ਤੇ ਜ਼ੋਰ ਪਾ ਣ ਕਿ ਹ ਨਿੱਜੀ ਵਿਸ਼ਵਾਸਾਂ ਅਤੇ ਧਾਰਮਿਕ ਅਜ਼ਾਦੀ, ਵਿਦਿਅਕ ਅਤੇ ਨਸਲੀ ਪਹਿਚਾਣ ਦੇ ਹੱਕਾਂ ਵਰਗੇ ਮੁਢਲੇ ਮਨੁੱਖੀ ਅਧਿਕਾਰਾਂ ਦਾ ਪੱਖ ਲੈਂਦੇਆਂ ਹੋਇਆਂ ਐਸੇ ਕਿਸੇ ਕਾਨੂੰਨ ਦੀ ਹਿਮਾਇਤ ਨਾ ਕਰਨ, ਜਿਸ ਨਾਲ ਕਿ ਸਰਕਾਰੀ ਸਕੂਲਾਂ, ਯੂਨੀਵਰਸਿਟੀਆਂ ਅਤੇ ਕੰਮਾਂ ਵਿੱਚ ਧਾਰਮਿਕ ਅਤੇ ਨਸਲੀ ਪਹਿਚਾਣ ਦੇ ਚਿੰਨ੍ਹ ਪਹਿਨਣ ਤੇ ਪਾਬੰਦੀ ਲਗਾਈ ਜਾ ਰਹੀ ਹੋਵੇ।

Sign the Petition below or online at: http://www.petitiononline.com/sikh5555/petition.html

| | | | |
|---|---|---|---|
| | | | |
| | | | |
| | | | |
| | | | |
| | | | |

**Please send the signed petition form to UNITED SIKHS to one of the addresses above.**